# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162



## ਐਡਮਿੰਟਨ 'ਚ ਕਰਵਾਏ ਸੁੰਦਰ ਦਸਤਾਰ, ਦੁਮਾਲਾ ਸਜਾਉਣ ਅਤੇ ਦੌੜਾਂ ਦੇ ਮੁਕਾਬਲੇ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਐਡਮਿੰਟਨ 2 ਸਤੰਬਰ : ਐਡਮਿੰਟਨ ਸ਼ਹਿਰ ਦੀ ਸਿਲਵਰ ਬੇਰੀ ਪਾਰਕ ਵਿੱਚ ਸ਼ਹੀਦ ਸਿੰਘਾਂ ਦੀ ਯਾਦ ਵਿਚ ਸਿੱਖ ਯੂਥ ਸੁਸਾਇਟੀ ਐਡਮਿੰਟਨ ਵੱਲੋਂ ਸੁੰਦਰ ਦਸਤਾਰ, ਦੁਮਾਲਾ ਸਜਾਉਣ ਅਤੇ ਦੌੜਾਂ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਦੇ ਪਹਿਲੇ ਭਾਗ 'ਚ 10 ਸਾਲ ਤੱਕ ਦੇ ਬੱਚਿਆਂ, ਦੂਜੇ ਭਾਗ 'ਚ 11 ਤੋਂ 15, ਅਤੇ ਤੀਜੇ ਭਾਗ 'ਚ 15 ਸਾਲ ਤੋਂ ਜ਼ਿਆਦਾ ਉਮਰ ਦੇ ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ ਤੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਮੁਕਾਬਲਿਆਂ ਦੌਰਾਨ 10 ਸਾਲ ਤੱਕ ਦੇ ਸਾਰੇ ਬੱਚਿਆ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।

10 ਸਾਲ ਤੱਕ ਦੇ ਬੱਚਿਆਂ 'ਚ ਸੁੰਦਰ ਦਸਤਾਰ ਸਜਾਉਣ ਲਈ ਹਰਬੰਸ ਸਿੰਘ ਨੇ ਪਹਿਲਾ, ਵਤਨਪ੍ਰੀਤ ਸਿੰਘ ਨੇ ਦੂਸਰਾ ਅਤੇ ਗੁਰਜੱਸ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 11 ਤੋਂ 15 ਤੱਕ ਦੇ ਬੱਚਿਆਂ ਦੇ ਦਸਤਾਰ ਮੁਕਾਬਲਿਆਂ ਵਿੱਚ ਯੁਵਰਾਜ ਸਿੰਘ ਪਹਿਲੇ, ਅਭੈਰਾਜ ਸਿੰਘ ਦੂਜੇ ਅਤੇ ਮਨਵੀਰ ਸਿੰਘ ਤੀਸਰੇ ਸਥਾਨ ਤੇ ਰਹੇ। 15 ਸਾਲ ਤੋਂ ਉੱਪਰ ਦੇ ਵਰਗ ਵਿੱਚ ਸੁਖਮਨਦੀਪ ਸਿੰਘ ਨੇ ਪਹਿਲਾ, ਰਮਨਪ੍ਰੀਤ ਸਿੰਘ ਨੇ ਦੂਸਰਾ ਅਤੇ ਗੁਰਸਹਿਜ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।



ਇਸੇ ਤਰ੍ਹਾਂ 10 ਤੱਕ ਦੀ ਉਮਰ ਵਿਚ ਦੁਮਾਲੇ ਸਜਾਉਣ 'ਚ ਜੱਸ ਸਿੰਘ ਪਹਿਲੇ, ਜਗਮੀਤ ਸਿੰਘ ਦੂਜੇ ਤੇ ਸ਼ੁੱਭਰਾਜ ਸਿੰਘ ਤੀਜੇ ਸਥਾਨ ਤੇ ਰਿਹਾ। 15 ਸਾਲਾਂ ਉਮਰ ਵਿਚ ਦੁਮਾਲੇ ਸਜਾਉਣ ਦੇ ਮੁਕਾਬਲੇ ਵਿਚ ਹਰਸਿਮਰਦੀਪ ਸਿੰਘ ਪਹਿਲੇ, ਰਣਜੋਧ ਸਿੰਘ ਦੂਸਰੇ ਅਤੇ ਪ੍ਰਭਸਿਮਰਨਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਮੁਕਾਬਲੇ ਦੌਰਾਨ ਦਸਤਾਰ ਕੋਚ ਨਵਜੋਤ ਸਿੰਘ ਧਾਮੀ, ਹਰਕੀਰਤ ਸਿੰਘ ਭੱਠਲ, ਪ੍ਰਦੀਪ ਸਿੰਘ ਅਤੇ ਗੁਰਕੀਰਤ ਸਿੰਘ ਸ਼ੇਰਗਿੱਲ ਨੇ ਜੱਜਾਂ ਦੀ ਭੂਮਿਕਾ ਨਿਭਾਈ।

ਇਸ ਤੋਂ ਇਲਾਵਾ 5 ਤੋਂ ਲੈ ਕੇ 50 ਤੋਂ ਉੱਪਰ ਦੀ ਉਮਰ ਦੇ ਬੱਚਿਆ, ਨੌਜਵਾਨਾਂ, ਬੀਬੀਆਂ ਤੇ ਬਜ਼ੁਰਗਾਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ , ਜਿਹਨਾਂ ਚ 10 ਸਾਲ ਦੀ ਉਮਰ ਤੱਕ ਮੁੰਡਿਆਂ 'ਚ ਗੁਰਨੂਰ ਸਿੰਘ, ਰਹਿਮਤਬੀਰ ਸਿੰਘ ਤੇ ਹਰਿੰਦਰ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। 10 ਸਾਲ ਦੀ ਉਮਰ ਤੱਕ ਕੁੜੀਆਂ 'ਚ ਅਨੰਨਿਆ, ਗੁੰਨਤਾਸ ਕੌਰ ਤੇ ਭਵਨੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। 11 ਤੋਂ 15 ਸਾਲ ਦੀ ਉਮਰ ਤੱਕ ਮੁੰਡਿਆਂ 'ਚ ਨਿਹਾਲ ਸਿੰਘ ਸਿੰਘ, ਅਨਮੋਲ ਸਿੰਘ ਤੇ ਬਲਿਹਾਰ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਕੁੜੀਆਂ 'ਚ ਅਨੀਸ ਕੌਰ ਗਰੇਵਾਲ, ਸਹਿਜ ਕੌਰ ਬਡਵਾਲ ਤੇ ਸਿਮਰਜੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

21 ਤੋਂ 30 ਸਾਲ ਦੀ ਉਮਰ ਤੱਕ ਕੁੜੀਆਂ 'ਚ ਭਵਲੀਨ ਕੌਰ, ਸਿਮਰਨ ਕੌਰ ਤੇ ਕਮਲਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। 31 ਤੋਂ 40 ਸਾਲ ਦੀ ਉਮਰ ਤੱਕ ਭਾਈਆਂ 'ਚ ਡੇਵਿਡ ਸਿਧੂ, ਜਸਕਰਨ ਸਿੰਘ ਗਰੇਵਾਲ ਤੇ

ਹਰਪ੍ਰੀਤ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀਬੀਆਂ ਦੀਆਂ ਦੌੜਾਂ 'ਚ ਗਿਤਾਂਜਲੀ, ਅਰਵਿੰਦਰ ਕੌਰ ਤੇ ਗੁਰਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸੇ ਤਰਾਂ 50 ਸਾਲ ਤੋਂ ਉਪਰ ਦੀਆਂ ਬੀਬੀਆਂ ਦੋ ਭਾਗਾਂ 'ਚ ਕਰਵਾਈਆਂ ਗਈਆਂ। ਪਹਿਲੇ ਭਾਗ 'ਚ ਸੁਖਵਿੰਦਰ ਕੌਰ, ਬਲਵਿੰਦਰ ਕੌਰ ਤੇ ਪਰਮਜੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਦੂਜੇ ਭਾਗ 'ਚ ਰਜਿੰਦਰ ਕੌਰ, ਲਖਵਿੰਦਰ ਕੌਰ ਤੇ ਬਲਜੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਮੇਲੇ ਦਾ ਰੂਪ ਧਾਰਨ ਕੀਤੇ ਸਮਾਗਮ ਦੌਰਾਨ ਢਾਡੀ ਬੀਬੀ ਬਲਵਿੰਦਰ ਕੌਰ ਖਹਿਰਾ ਦੇ ਢਾਡੀ ਜੱਥੇ ਨੇ ਸੰਗਤਾਂ ਨੂੰ ਜੋਸ਼ੀਲੀਆਂ ਵਾਰਾਂ ਨਾਲ ਨਿਹਾਲ ਕੀਤਾ।

ਉਨ੍ਹਾਂ ਤੋਂ ਬਾਅਦ ਗੁਰਪ੍ਰੀਤ ਸਿੰਘ ਝੱਬਰ ਮੈਂਬਰ ਸ਼੍ਰੋਮਣੀ ਕਮੇਟੀ, ਬਲਬੀਰ ਸਿੰਘ ਮੋਂਟਰੀਅਲ, ਗੁਰਚੇਤਨ ਸਿੰਘ ਹਰਿਆਓ,

ਸਿੱਖ ਯੂਥ ਐਡਮਿੰਟਨ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਐਡਮਿੰਟਨ ਦੇ ਮੁੱਖ ਸੇਵਾਦਾਰ ਮਲਕੀਤ ਸਿੰਘ ਢੇਸੀ ਤੇ ਗੁਰਪ੍ਰੀਤ ਸਿੰਘ ਸਿੱਧੂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਭਾਈ ਕਸ਼ਮੀਰ ਸਿੰਘ ਦੇ ਜੱਥੇ ਨੇ ਜੋਸ਼ੀਲੇ ਅੰਦਾਜ਼ 'ਚ 'ਜਾਗੋ' ਗਾ ਕੇ ਸਮਾਂ ਬੰਨ੍ਹਿਆ।

ਇਸ ਮੌਕੇ ਵੱਖ-ਵੱਖ ਕਾਰੋਬਾਰੀ ਅਦਾਰਿਆਂ ਵੱਲੋਂ ਕਈ ਪ੍ਰਕਾਰ ਦੇ ਲੰਗਰ, ਛਬੀਲਾਂ ਤੇ ਵਿਸ਼ੇਸ਼ ਸ਼ਰਦਾਈ ਦੇ ਲੰਗਰ ਲਗਾਏ ਗਏ।

ਇਸ ਮੌਕੇ ਐਡਮਿੰਟਨ ਦੀਆਂ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਦੇ ਸਮੂਹ ਮੈਂਬਰਾਂ ਤੋਂ ਇਲਾਵਾ ਤੇਜਿੰਦਰ ਸਿੰਘ ਭੱਠਲ, ਅਰਵਿੰਦਰ ਸਿੰਘ ਬਿੱਟੂ ਬਾਬਾ, ਮੈਂਬਰ ਪਾਰਲੀਮੈਂਟ ਜਗਸ਼ਰਨ ਸਿੰਘ ਮਾਹਲ, ਰਜਵੰਤ ਸਿੰਘ, ਪਿਸ਼ੌਰਾ ਸਿੰਘ, ਹਰਦੀਪ ਸਿੰਘ, ਜੱਗਾ ਸਿੰਘ, ਰਾਮ ਸਿੰਘ ਸੰਧੂ, ਜਰਨੈਲ ਸਿੰਘ, ਹਰਪਿੰਦਰ ਸਿੰਘ ਬਾਠ, ਲਖਵੀਰ ਸਿੰਘ ਜੌਹਲ, ਅੰਮ੍ਰਿਤ ਸਿੰਘ, ਚਰਨਜੀਤ ਸਿੰਘ ਮਾਹਲ, ਸਤਨਾਮ ਸਿੰਘ, ਦੀਪ ਸਿੰਘ, ਜਗੀਰ ਸਿੰਘ, ਮਲਕੀਤ ਸਿੰਘ ਪਨੇਸਰ, ਸਿਮਰਨਜੀਤ ਸਿੰਘ ਸਮੇਤ ਹਜ਼ਾਰਾਂ ਦੀ ਗਿਣਤੀ ਚ ਸੰਗਤਾਂ ਹਾਜ਼ਰ ਸਨ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਕਾਰਵਾਈ ਗੁਲਜ਼ਾਰ ਸਿੰਘ ਨਿਰਮਾਣ ਵਲੋਂ ਨਿਭਾਈ ਗਈ।

## ਬਾਬਾ ਫਰੀਦ ਲਾਅ ਕਾਲਜ ਦੇ ਐਨ.ਸੀ.ਸੀ. ਕੈਡਿਟਸ ਨੇ ਏ.ਟੀ.ਸੀ.-61 ਕੈਂਪ ਮਲੋਟ ਵਿੱਚ ਮਾਰੀਆਂ ਮੱਲਾਂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 2 ਸਤੰਬਰ : ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਮਾਨਯੋਗ ਚੇਅਰਮੈਨ ਸਵ. ਸ. ਇੰਦਰਜੀਤ ਸਿੰਘ ਖਾਲਸਾ ਜੀ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸ. ਸਿਮਰਜੀਤ ਸਿੰਘ ਸੇਖੋਂ ਜੀ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਦੇ ਅਸਿਸਟੈਂਟ ਪ੍ਰੋਫੈਸਰ ਅਮਿਤ ਛਾਬੜਾ 14 ਐਨ.ਸੀ.ਸੀ ਕੈਡਿਟਸ ਪਰਿੰਦਰ ਸਿੰਘ, ਰਮਨਪ੍ਰੀਤ ਸਿੰਘ ਬਰਾੜ, ਗੁਰਪ੍ਰੀਤ ਸਿੰਘ, ਗੁਰਅਜੇਦੀਪ ਸਿੰਘ, ਹਰਪ੍ਰੀਤ ਸਿੰਘ, ਵੰਸ਼ਵੀਰ ਸਿੰਘ, ਗੁਰਸ਼ਾਨ ਸਿੰਘ, ਇੰਦਰਦੀਪ ਸਿੰਘ ਸਿੱਧੂ, ਗੌਰਵ, ਗੁਰਕਮਲ ਸਿੰਘ, ਸਿਮਰਨਜੌਤ ਸਿੰਘ, ਬਬਲਪ੍ਰੀਤ ਸਿੰਘ, ਪਾਰਸ ਅਤੇ ਪ੍ਰਿਥਵੀ ਏ.ਟੀ.ਸੀ.-61 ਮਲੋਟ ਦੇ ਟਰੇਨਿੰਗ ਕੈਂਪ ਵਿੱਚ ਲੈ ਕੇ ਗਏ। ਇਸ ਕੈਂਪ ਵਿੱਚ ਕੈਡਿਟਸ ਨੇ ਰਾਈਫਲ ਟਰੇਨਿੰਗ, ਡਰਿੱਲ ਪਰੇਡ, ਮੈਪ ਰੀਡਿੰਗ ਅਤੇ ਫੌਜ ਦੀ ਬਣਤਰ ਬਾਰੇ ਜਾਣਕਾਰੀ ਹਾਸਿਲ ਕੀਤੀ, ਇਸ ਤੋਂ ਇਲਾਵਾ ਕੈਡਿਟਸ ਨੇ ਸਾਇਬਰ




ਫਸਟ ਰਿਸਪੌਂਡਰ ਪ੍ਰੋਗਰਾਮ ਵੀ ਲਗਾਇਆ। ਇਹ ਕੈਂਪ ਲਗਾਤਾਰ 10 ਦਿਨ 19 ਅਗਸਤ ਤੋਂ 28 ਅਗਸਤ, 2025 ਤੱਕ ਲਗਾਇਆ ਗਿਆ। ਇਸ ਕੈਂਪ ਦੌਰਾਨ ਗੁਰਕਮਲ ਸਿੰਘ ਨੇ ਵੈਪਨ ਟਰੇਨਿੰਗ ਗਤੀਵਿਧੀ ਵਿੱਚ ਅਤੇ ਸਿਮਰਨਜੋਤ ਸਿੰਘ ਨੂੰ ਫੀਲਡ ਕਰਾਫਟ ਅਤੇ ਬੈਟਲ ਕਰਾਫਟ ਵਿੱਚ ਗੋਲਡ ਮੈਡਲ ਹਾਸਿਲ ਕੀਤਾ। ਇਹ ਸਾਰਾ ਪ੍ਰੋਗਰਾਮ ਸੀ.ਐਸ. ਸ਼ਰਮਾ (ਕਮਾਂਡਿੰਗ ਅਫਸਰ) 13 ਪੰਜਾਬ ਐਨ.ਸੀ.ਸੀ ਬਟਾਲੀਅਨ ਫਿਰੋਜ਼ਪੁਰ ਵੱਲੋਂ ਚਲਾਇਆ ਗਿਆ। ਟਰੇਨਿੰਗ ਬਾਰੇ ਅੱਗੇ ਦੱਸਦੇ ਹੋਏ ਸੀ ਟੀ ਓ ਮਨਿੰਦਰ ਸਿੰਘ ਨੇ ਦੱਸਿਆ ਕਿ ਸਾਰੀ ਆਰਮੀ ਟੀਮ ਜਿਸ ਵਿੱਚ ਐਸ.ਐਮ ਨਰਿੰਦਰ ਸਿੰਘ ਜੀ, ਰਾਏ ਅਜਾਦ ਜੀ ਅਤੇ ਸਾਰੀ ਟੀਮ ਨੇ ਬਹੁਤ ਹੀ ਮਿਹਨਤ ਨਾਲ ਸਾਰੀ ਟਰੇਨਿੰਗ ਕਰਵਾਈ। ਅੰਤ ਵਿੱਚ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਜੀ ਨੇ ਇਹ ਟਰੇਨਿੰਗ ਕਰਵਾਉਣ ਲਈ ਬਟਾਲੀਅਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕਾਲਜ ਐਨ.ਸੀ.ਸੀ ਦੀ ਤਰੱਕੀ ਲਈ ਹਰ ਸਹੂਲਤਾਂ ਮੁਹੱਈਆ ਕਰਵਾਉਂਦਾ ਰਹੇਗਾ।

## ਯੁੱਧ ਸ਼ੁਰੂ ਹੋਣ ਤੋਂ ਬਾਅਦ ਯੂਕਰੇਨ ਤੇ ਰੂਸ ਦੇ ਸਭ ਤੋਂ ਵੱਡੇ ਹਵਾਈ ਹਮਲਿਆਂ ਵਿੱਚੋਂ ਹਮਲਾ ਹੋਇਆ

### ਯੂਕਰੇਨ ਵੱਲੋਂ ਬ੍ਰਸੇਲਜ਼ ਵਿੱਚ ਇੱਕ ਅਸਾਧਾਰਨ ਨਾਟੋ-ਯੂਕਰੇਨ ਕੌਂਸਲ ਮੀਟਿੰਗ ਦੀ ਬੇਨਤੀ

ਵਰਲਡ ਪੰਜਾਬੀ ਟਾਈਮਜ਼



ਬ੍ਰਸੇਲਜ਼ 2 ਸਤੰਬਰ : ਯੂਕਰੇਨ ਨੇ 1 ਸਤੰਬਰ, 2025 ਨੂੰ ਬ੍ਰਸੇਲਜ਼ ਵਿੱਚ ਇੱਕ ਅਸਾਧਾਰਨ ਨਾਟੋ-ਯੂਕਰੇਨ ਕੌਂਸਲ ਮੀਟਿੰਗ ਦੀ ਬੇਨਤੀ ਕੀਤੀ, ਜੋ ਕਿ ਯੁੱਧ ਸ਼ੁਰੂ ਹੋਣ ਤੋਂ ਬਾਅਦ ਰੂਸ ਦੇ ਸਭ ਤੋਂ ਵੱਡੇ ਹਵਾਈ ਹਮਲਿਆਂ ਵਿੱਚੋਂ ਇੱਕ ਸੀ। 27-28 ਅਗਸਤ ਨੂੰ ਹੋਏ ਵੱਡੇ ਰੂਸੀ ਹਮਲੇ ਨੇ ਯੂਕਰੇਨ 'ਤੇ 629 ਡਰੋਨ ਅਤੇ ਮਿਜ਼ਾਈਲਾਂ ਦਾਗੀਆਂ, ਜਿਸ ਵਿੱਚ ਕੀਵ ਵਿੱਚ ਚਾਰ ਬੱਚਿਆਂ ਸਮੇਤ ਘੱਟੋ-ਘੱਟ 23 ਲੋਕ ਮਾਰੇ ਗਏ ਅਤੇ ਇਹ ਯੁੱਧ ਦਾ ਦੂਜਾ ਸਭ ਤੋਂ ਵੱਡਾ ਹਮਲਾ ਸੀ।

ਰੂਸੀ ਹਮਲਿਆਂ ਨੇ ਯੂਰਪੀਅਨ ਯੂਨੀਅਨ ਡੈਲੀਗੇਸ਼ਨ ਬਿਲਡਿੰਗ ਅਤੇ ਕੀਵ ਵਿੱਚ ਬ੍ਰਿਟਿਸ਼ ਕੌਂਸਲ ਦਫ਼ਤਰਾਂ ਸਮੇਤ ਕੂਟਨੀਤਕ ਸਹੂਲਤਾਂ ਨੂੰ ਨੁਕਸਾਨ ਪਹੁੰਚਾਇਆ, ਜਿਸ ਨਾਲ ਯੂਰਪੀਅਨ ਯੂਨੀਅਨ ਅਤੇ ਯੂਕੇ ਨੇ ਰੂਸੀ ਰਾਜਦੂਤਾਂ ਨੂੰ ਵਿਰੋਧ ਵਿੱਚ ਬੁਲਾਇਆ।

ਐਮਰਜੈਂਸੀ ਨਾਟੋ ਮੀਟਿੰਗ ਵਿੱਚ, ਸਹਿਯੋਗੀਆਂ ਨੇ ਰੂਸ ਦੇ ਹਮਲਿਆਂ ਦੀ ਨਿੰਦਾ ਕੀਤੀ ਅਤੇ ਯੂਕਰੇਨ ਨੂੰ ਨਿਰੰਤਰ ਸਮਰਥਨ ਦਾ ਭਰੋਸਾ ਦਿੱਤਾ, ਜਦੋਂ ਕਿ ਯੂਕਰੇਨ ਨੇ ਪੈਟ੍ਰੀਅਟ ਮਿਜ਼ਾਈਲਾਂ ਸਮੇਤ ਵਧੀਆਂ ਹਵਾਈ ਰੱਖਿਆ ਪ੍ਰਣਾਲੀਆਂ ਦੀ ਬੇਨਤੀ ਕੀਤੀ।

ਇਹ ਹਮਲਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਿੱਚ ਚੱਲ ਰਹੇ ਸ਼ਾਂਤੀ ਯਤਨਾਂ ਨੂੰ ਕਮਜ਼ੋਰ ਕਰਦਾ ਹੈ, ਇਹ ਹਮਲਾ ਟਰੰਪ ਦੁਆਰਾ ਅਲਾਸਕਾ ਵਿੱਚ ਇੱਕ ਸਿਖਰ ਸੰਮੇਲਨ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਤੋਂ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਬਾਅਦ ਹੋਇਆ।

ਇਹ ਐਮਰਜੈਂਸੀ ਕੂਟਨੀਤਕ ਜਵਾਬ ਉਜਾਗਰ ਕਰਦਾ ਹੈ ਕਿ ਰੂਸ ਦੀ ਵਧਦੀ ਫੌਜੀ ਮੁਹਿੰਮ ਕਿਵੇਂ ਕਮਜ਼ੋਰ ਸ਼ਾਂਤੀ ਯਤਨਾਂ ਨੂੰ ਖਤਰੇ ਵਿੱਚ ਪਾਉਂਦੀ ਹੈ ਅਤੇ ਨਾਟੋ ਏਕਤਾ ਦੀ ਪਰਖ ਕਰਦੀ ਹੈ। ਕੂਟਨੀਤਕ ਸਹੂਲਤਾਂ ਨੂੰ ਨਿਸ਼ਾਨਾ ਬਣਾਉਣਾ ਇੱਕ ਖ਼ਤਰਨਾਕ ਵਾਧੇ ਦਾ ਸੰਕੇਤ ਦਿੰਦਾ ਹੈ ਜੋ ਚੱਲ ਰਹੀ ਗੱਲਬਾਤ ਨੂੰ ਪਟੜੀ ਤੋਂ ਉਤਾਰ ਸਕਦਾ ਹੈ ਅਤੇ ਯੂਕਰੇਨ ਲਈ ਪੱਛਮੀ ਫੌਜੀ ਸਮਰਥਨ ਨੂੰ ਮਜ਼ਬੂਤ ਕਰ ਸਕਦਾ ਹੈ।

## ਫ਼ਰੀਦਕੋਟ ਦੇ ਸਮਾਜਸੇਵੀ ਅਤੇ ਸੀਨੀਅਰ ਨੇਤਾ ਆਮ ਆਦਮੀ ਪਾਰਟੀ, ਅਰਸ਼ ਸੱਚਰ ਵੱਲੋਂ ਹੜ੍ਹ ਪੀੜਤ ਬੇਜ਼ੁਬਾਨ ਪਸ਼ੂਆਂ ਲਈ ਮੱਕੀ ਦੇ ਅਚਾਰ ਦੀ ਸੇਵਾ ਨਿਭਾਈ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫ਼ਰੀਦਕੋਟ, 2 ਸਤੰਬਰ : ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਆਏ ਹੜ੍ਹਾਂ ਨੇ ਜਿੱਥੇ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ, ਉਥੇ ਹੀ ਬੇਜ਼ੁਬਾਨ ਪਸ਼ੂਆਂ ਦੀ ਜ਼ਿੰਦਗੀ ਵੀ ਖ਼ਤਰੇ ਵਿੱਚ ਹੈ। ਇਸ ਮੁਸੀਬਤ ਦੀ ਘੜੀ ਵਿੱਚ ਫ਼ਰੀਦਕੋਟ ਦੇ ਉਘੇ ਸਮਾਜ ਸੇਵੀ ਅਤੇ ਸੀਨੀਅਰ ਨੇਤਾ ਅਰਸ਼ ਸੱਚਰ ਨੇ ਆਪਣੀ ਮਿਹਨਤ ਦੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਫ਼ਿਰੋਜ਼ਪੁਰ ਬਾਰਡਰ ਖੇਤਰ ਵਿੱਚ ਹੜ੍ਹ ਪੀੜਤ ਪਸ਼ੂਆਂ ਦੀ ਖੁਰਾਕ ਲਈ ਮੱਕੀ ਦਾ ਅਚਾਰ ਭੇਜ ਕੇ ਇਕ ਵੱਡੀ ਸੇਵਾ ਨਿਭਾਈ।ਪ੍ਰੈਸ ਨਾਲ ਗੱਲਬਾਤ ਕਰਦਿਆਂ ਅਰਸ਼ ਸੱਚਰ ਨੇ ਕਿਹਾ ਕਿ ਪੰਜਾਬੀ ਭਾਈਚਾਰਾ ਹਮੇਸ਼ਾ ਸੰਕਟਾਂ ਵਿੱਚ ਅੱਗੇ ਵੱਧ ਕੇ ਸਹਾਇਤਾ ਕਰਦਾ ਆਇਆ ਹੈ। ਅੱਜ ਜਦੋਂ ਸਾਡੇ ਆਪਣੇ ਭਰਾਵਾਂ ਅਤੇ ਬੇਜ਼ੁਬਾਨ ਪਸ਼ੂ ਹੜ੍ਹ ਦੀ ਮਾਰ ਸਹਿ ਰਹੇ ਹਨ, ਸਾਨੂੰ ਸਭ ਨੂੰ ਇੱਕਜੁੱਟ ਹੋ ਕੇ ਉਨ੍ਹਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ।

ਅਰਸ਼ ਸੱਚਰ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨਾਲ ਮਿਲ ਕੇ ਉਨ੍ਹਾਂ ਦਾ ਦੁੱਖ-ਸੁੱਖ ਸਾਂਝਾ ਕੀਤਾ ਅਤੇ ਯਕੀਨ ਦਿਵਾਇਆ ਕਿ ਪੰਜਾਬ ਭਰ ਦੇ ਲੋਕ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ।

## ਚੇਅਰਮੈਨ ਆਰੇਵਾਲਾ ਨੇ ਕੋਟਕਪੂਰਾ ਤੋਂ ਫਿਰੋਜ਼ਪੁਰ ਹੜ੍ਹ ਪੀੜਤ ਪਸ਼ੂਆਂ ਲਈ ਤੂੜੀ ਵਾਲਾ ਟਰਾਲਾ ਭੇਜਿਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 2 ਸਤੰਬਰ : ਸਪੀਕਰ ਕੁਲਤਾਰ ਸਿੰਘ ਸੰਧਵਾਂ ਜੀ ਦੀਆਂ ਹਦਾਇਤਾਂ 'ਤੇ ਵਿਧਾਨ ਸਭਾ ਹਲਕਾ ਕੋਟਕਪੂਰਾ ਤੋਂ ਫਿਰੋਜ਼ਪੁਰ ਲਈ ਹੜ ਪੀੜਤਾਂ ਲਈ ਮੱਦਦ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਅੱਜ ਫਿਰ ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕੀਟ ਕਮੇਟੀ ਕੋਟਕਪੂਰਾ ਦੀ ਅਗਵਾਈ ਹੇਠ ਆੜਤੀ ਐਸੋਸੀਏਸ਼ਨ ਦੇ ਸਹਿਯੋਗ ਨਾਲ ਫਿਰੋਜ਼ਪੁਰ ਹੜ ਪੀੜਤ ਪਸ਼ੂਆਂ ਲਈ ਇੱਕ ਤੂੜੀ ਵਾਲਾ ਟਰਾਲਾ ਰਵਾਨਾ ਕੀਤਾ ਗਿਆ। ਇਸ ਮੌਕੇ ਚੇਅਰਮੈਨ ਗੁਰਮੀਤ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਭਾਰੀਂ ਮੀਂਹ ਅਤੇ ਹਿਮਾਚਲ ਵਿੱਚ ਬੱਦਲਾਂ ਦੇ ਫੱਟਣ ਕਾਰਨ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਜਿਆਦਾ ਵਧਣ ਕਾਰਨ ਫਿਰੋਜ਼ਪੁਰ ਦੇ ਸਤਲੁਜ ਲਾਗਲੇ ਪਿੰਡਾਂ ਵਿੱਚ ਆਏ ਹੜ੍ਹਾਂ ਕਾਰਨ ਕੁਝ ਦਿਨ ਪਹਿਲਾਂ ਵੀ ਸੁੱਕੇ ਰਾਸ਼ਨ, ਸਬਜ਼ੀਆਂ ਅਤੇ ਪਸ਼ੂਆਂ ਲਈ ਚਾਰੇ ਦੀ ਮਦਦ ਭੇਜੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਮੁਸ਼ਕਿਲ ਸਮੇਂ ਵਿੱਚ ਸਾਨੂੰ ਸਭ ਨੂੰ ਇੱਕ ਦੂਜੇ ਦਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਸ਼ਕਿਲ ਦੀ ਘੜੀ ਵਿੱਚ ਆਪਸੀ ਭਾਈਚਾਰਾ ਦਿਖਾਉਂਦੇ ਹੋਏ ਵੱਧ ਤੋਂ ਵੱਧ ਮਦਦ ਕਰਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਅੱਗੇ ਹੋ ਕੇ ਮਦਦ ਕਰਨਾ ਚਾਹੁੰਦਾ ਹੈ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ ਅਮਨਦੀਪ ਸਿੰਘ ਬਾਬਾ, ਸੈਕਟਰੀ ਯੁਗਵੀਰ ਕੁਮਾਰ, ਸੀਨੀਅਰ "ਆਪ" ਆਗੂ ਮਨਜੀਤ ਸ਼ਰਮਾ, ਮੇਹਰ ਸਿੰਘ ਚੰਨੀ, ਆੜਤੀਆ ਰਾਜੀਵ ਕੁਮਾਰ, ਮਨਜਿੰਦਰ ਸਿੰਘ ਪੱਪੂ ਆਦਿ ਵੀ ਹਾਜ਼ਰ ਸਨ।

## ਯੂਨੀਵਰਸਿਟੀ 'ਚ ਪ੍ਰੋਫੈਸਰਾਂ ਦੀਆਂ ਤਰੱਕੀਆਂ ਨਾ ਹੋਣ 'ਤੇ ਡਾ. ਅੰਬੇਡਕਰ ਜਸਟਿਸ ਫਰੰਟ ਵੱਲੋਂ ਵਿਧਾਇਕ ਨੂੰ ਰੋਸ ਪੱਤਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 2 ਸਤੰਬਰ : ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਐਂਡ ਸਾਇੰਸਜ਼ ਫ਼ਰੀਦਕੋਟ ਅਧੀਨ ਚੱਲ ਰਹੇ ਯੂਨੀਵਰਸਿਟੀ ਕਾਲਜ ਆਫ਼ ਨਰਸਿੰਗ ਵਿੱਚ ਐਸੋਸੀਏਟ ਪ੍ਰੋਫ਼ੈਸਰ ਤੋਂ ਪ੍ਰੋਫ਼ੈਸਰ ਦੀਆਂ ਤਰੱਕੀਆਂ ਵਿੱਚ ਹੋਏ ਪੱਖਪਾਤ ਸਬੰਧੀ ਡਾ. ਅੰਬੇਡਕਰ ਜਸਟਿਸ ਫਰੰਟ ਫਰੀਦਕੋਟ ਦੇ ਆਗੂਆਂ ਵੱਲੋਂ ਫਰੰਟ ਦੇ ਚੇਅਰਮੈਨ ਐਡਵੋਕੇਟ ਕ੍ਰਿਸ਼ਨ ਲਾਲ ਦੀ ਅਗਵਾਈ ਵਿੱਚ ਇੱਕ ਰੋਸ ਪੱਤਰ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੂੰ ਦਿੱਤਾ ਗਿਆ। ਇਸ ਮੌਕੇ ਆਗੂਆਂ ਨੇ ਹਲਕਾ ਵਿਧਾਇਕ ਨੂੰ ਦੱਸਿਆ ਗਿਆ ਕਿ ਯੂਨੀਵਰਸਿਟੀ ਪ੍ਰਸ਼ਾਸ਼ਨ ਵੱਲੋਂ ਅਨੁਸੂਚਿਤ ਜਾਤੀ ਦੀ ਐਸੋਸੀਏਟ ਪ੍ਰੋਫ਼ੈਸਰ ਦੀ ਤਰੱਕੀ ਯੂਨੀਵਰਸਿਟੀ ਵੱਲੋਂ ਇਹ ਕਹਿ ਕੇ ਰੋਕੀ ਗਈ ਕਿ ਉਸਦਾ ਕੋਰਟ ਕੇਸ ਚੱਲ ਰਿਹਾ ਹੈ। ਵਰਣਨਯੋਗ ਹੈ ਕਿ 6 ਪ੍ਰਮੋਟ ਕੀਤੇ ਜਨਰਲ ਕੈਟਾਗਰੀ ਦੇ ਪ੍ਰੋਫ਼ੈਸਰਾਂ ਵਿੱਚੋਂ ਵੀ 3 ਦੇ ਕੋਰਟ ਕੇਸ ਚੱਲ ਰਹੇ ਸਨ ਪਰ ਉਹਨਾਂ ਨੂੰ ਕੋਰਟ ਕੇਸ ਦੀ ਕੰਡੀਸ਼ਨ ਲਾ ਕੇ ਪ੍ਰਮੋਟ ਕਰ ਦਿੱਤਾ ਗਿਆ ਪਰ ਮਨਦੀਪ ਕੌਰ ਦੀ



ਪ੍ਰਮੋਸ਼ਨ ਨੂੰ ਲਗਭਗ ਇੱਕ ਸਾਲ ਤੋਂ ਰੋਕਿਆ ਹੋਇਆ ਹੈ। ਮਨਦੀਪ ਕੌਰ ਨੇ ਯੂਨੀਵਰਸਿਟੀ ਨੂੰ ਅਨੇਕਾਂ ਵਾਰ ਪੱਤਰ ਲਿਖ ਕੇ ਬੇਨਤੀ ਕੀਤੀ ਕਿ ਉਸ ਨੂੰ ਬਣਦੀ ਤਰੱਕੀ ਦਿੱਤੀ ਜਾਵੇ, ਜਿਸ ਦਾ ਲਿਖਤੀ ਜਵਾਬ ਯੂਨੀਵਰਸਿਟੀ ਵੱਲੋਂ ਦਿੱਤਾ ਗਿਆ ਕਿ ਚੱਲਦੇ ਕੋਰਟ ਕੇਸ ਵਿੱਚ ਤਰੱਕੀ ਨਹੀਂ ਦਿੱਤੀ ਜਾ ਸਕਦੀ। ਆਗੂਆਂ ਨੇ ਦੱਸਿਆ ਕਿ ਮਨਦੀਪ ਕੌਰ ਦੇ ਪਤੀ ਵੱਲੋਂ ਆਪਣੀ ਪਤਨੀ ਦੀ ਪ੍ਰਮੋਸ਼ਨ ਅਤੇ ਸੀਨੀਆਰਤਾ ਲਈ ਯੂਨੀਵਰਸਿਟੀ ਪਾਸੋਂ ਰੋਸਟਰ ਰਜਿਸਟਰ ਅਤੇ ਨਿਯੁਕਤੀ ਸਮੇਂ ਦੀ ਮੈਰਿਟ ਆਦਿ ਦੀ ਆਰ.ਟੀ.ਆਈ. ਐਕਟ ਰਾਹੀਂ ਮੰਗ ਕੀਤੀ ਗਈ ਸੀ, ਜਿਸ ਤੋਂ ਖਿਝ ਕੇ ਹੀ ਯੂਨੀਵਰਸਿਟੀ ਨੇ ਮਨਦੀਪ ਕੌਰ ਦੀ ਤਰੱਕੀ ਰੋਕੀ ਹੈ ਜੋ ਕਿ ਬਿਲਕੁਲ ਗੈਰ-ਵਾਜਬ ਅਤੇ ਸਰਾਸਰ ਧੱਕੇਸ਼ਾਹੀ ਹੈ। ਜੇਕਰ ਕਿਸੇ ਵੀ ਕਰਮਚਾਰੀ ਨੂੰ ਉਸਦੇ ਵਿਭਾਗ ਵਿੱਚ ਨਿਆਂ ਨਹੀਂ ਮਿਲਦਾ ਤਾਂ ਆਰ.ਟੀ.ਆਈ. ਐਕਟ ਰਾਹੀਂ ਸੂਚਨਾ ਮੰਗਣਾ ਜਾਂ ਕੋਰਟ ਕੇਸ ਕਰਨਾ ਉਸਦਾ ਸੰਵਿਧਾਨਕ ਹੱਕ ਹੈ। ਇਸ ਤਰ੍ਹਾਂ ਨਜ਼ਾਇਜ਼ ਤਰੀਕੇ ਨਾਲ ਤਰੱਕੀ ਰੋਕ ਕੇ ਕਰਮਚਾਰੀ ਉੱਪਰ ਦਬਾਅ ਬਣਾਉਣਾ ਗੈਰਕਾਨੂੰਨੀ ਹੈ। ਡਾ. ਅੰਬੇਡਕਰ ਜਸਟਿਸ ਫਰੰਟ ਦੇ ਆਗੂਆਂ ਨੇ ਵਿਧਾਇਕ ਨੂੰ ਕਿਹਾ ਕਿ ਉਨ੍ਹਾਂ ਨੂੰ ਇਨਸਾਫ਼ ਦੁਆਇਆ ਜਾਵੇ। ਵਿਧਾਇਕ ਵੱਲੋਂ ਜਲਦੀ ਹੀ ਫਰੰਟ ਦੇ ਆਗੂਆਂ ਦੀ ਮੁਲਾਕਾਤ ਵਾਈਸ ਚਾਂਸਲਰ ਨਾਲ ਕਰਵਾਉਣ ਦਾ ਵਾਅਦਾ ਕੀਤਾ। ਇਸ ਮੌਕੇ ਫਰੰਟ ਦੇ ਵੱਡੀ ਗਿਣਤੀ ਵਿੱਚ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

